# 2017 'ਚ ਪੰਜਾਬ ਨੂੰ ਅਕਾਲੀ ਕਾਂਗਰਸ ਦੀ ਗ੍ਰਿਫਤ ਵਿਚੋਂ ਛੁਡਾਉਣਾ ਮੇਰਾ ਪਹਿਲਾ ਮਕਸਦ - ਡਾ. ਗਾਂਧੀ

**ਟੋਰਾਂਟੋ / ਭਜਨ ਸਿੰਘ ਬਾਹਬਾ**

ਆਪਣੀ ਕੈਨੇਡਾ ਫੇਰੀ ਦੇ ਆਖਰੀ ਪੜਾਅ ਵਿੱਚ ਡਾ. ਧਰਮਵੀਰ ਗਾਂਧੀ 29 ਅਪ੍ਰੈਲ ਨੂੰ ਕਨੇਡਾ ਦੇ ਸਭ ਤੋਂ ਵੱਡੇ ਸ਼ਹਿਰ ਟੋਰਾਂਟੋ ਪਹੁੰਚੇ। ਸ਼ੁੱਕਰਵਾਰ (29 ਅਪ੍ਰੈਲ) ਦੀ ਸ਼ਾਮ ਨੂੰ ਡਾ. ਗਾਂਧੀ ਟੋਰਾਂਟੋ ਤੋਂ ਚੱਲਦੇ ਪੰਜਾਬ "V ਸਟੇਸ਼ਨ ਅਤੇ Y ਚੈਨਲ ਉਤੇ ਨਿੱਜੀ ਇੰਟਰਵਿਊ ਦੇਣ ਲਈ ਹਾਜ਼ਿਰ ਹੋਏ। ਇੰਟਰਵਿਊ ਦੌਰਾਨ ਜਿਥੇ ਡਾ. ਗਾਂਧੀ ਨੇ ਚੈਨਲ ਹੋਸਟਾਂ ਨਾਲ ਰਾਜਨੀਤਕ ਪਹਿਲੂਆਂ ਅਤੇ ਪੰਜਾਬ ਦੇ ਮਸਲਿਆਂ ਵਾਰੇ ਵਿਚਾਰ ਵਟਾਂਦਰਾ ਕੀਤਾ, ਉਥੇ ਇਹਨਾਂ ਚੈਨਲਾਂ ਨਾਲ ਫੋਨ ਕਾਲ ਰਾਹੀਂ ਜੁੜਨ ਵਾਲੇ ਦਰਸ਼ਕਾਂ ਨਾਲ ਵੀ ਵਿਚਾਰਾਂ ਦੀ ਸਾਂਝ ਪਾਈ ਤੇ ਓਹਨਾਂ ਦੇ ਸਵਾਲਾਂ ਦੇ ਜਵਾਬ ਵੀ ਦਿੱਤੇ। ਸ਼ੁੱਕਰਵਾਰ ਰਾਤ ਨੂੰ ਹੀ ਮੋਗੇ ਨੇੜੇ ਪੈਂਦੇ ਪਿੰਡ ਬਿਲਾਸਪੁਰ, ਜਿਥੇ ਡਾ. ਗਾਂਧੀ ਨੇ ਆਪਣੀ ਨੌਕਰੀ ਦੌਰਾਨ 10 ਸਾਲ ਕੰਮ ਕੀਤਾ, ਦੇ ਟੋਰਾਂਟੋ 'ਚ ਰਹਿੰਦੇ ਵਸਨੀਕਾਂ ਨੇ ਇੱਕ ਨਿੱਜੀ ਸਮਾਗਮ ਕਰਕੇ ਡਾ. ਗਾਂਧੀ ਨੂੰ ਓਹਨਾਂ ਦੀਆਂ ਚੰਗੀਆਂ ਸੇਵਾਵਾਂ ਕਰਕੇ ਸਨਮਾਨਿਤ ਕੀਤਾ।

30 ਅਪ੍ਰੈਲ ਨੂੰ ਟੋਰਾਂਟੋ ਦੇ ਇੱਕ ਬੈਂਕਟ ਹਾਲ 'ਚ ਰੱਖੇ ਗਏ ਪ੍ਰੋਗਰਾਮ 'ਚ ਡਾ. ਗਾਂਧੀ ਟੋਰਾਂਟੋ ਅਤੇ ਆਸ ਪਾਸ ਰਹਿੰਦੇ ਪ੍ਰਵਾਸੀਆਂ ਭਾਰਤੀਆਂ ਦੇ ਰੂਬਰੂ ਹੋਏ। ਇਹ ਪ੍ਰੋਗਰਾਮ ਵਿੱਚ ਪੰਜਾਬ ਲਈ ਫਿਕਰਮੰਦ ਪ੍ਰਵਾਸੀਆਂ ਨੇ ਬੜੀ ਗੰਭੀਰਤਾ ਨਾਲ ਪੰਜਾਬ ਦੇ ਵੱਖ-2 ਮਸਲਿਆਂ ਅਤੇ ਓਹਨਾਂ ਦੇ ਹੱਲ ਵਾਰੇ ਡਾ. ਗਾਂਧੀ ਦੇ ਵਿਚਾਰ ਜਾਣੇ ਅਤੇ ਆਪਣੇ ਸੁਝਾਅ ਵੀ ਪੇਸ਼ ਕੀਤੇ। ਡਾ. ਗਾਂਧੀ ਨੇ ਪੰਜਾਬ ਦੇ ਖੇਤੀਬਾੜੀ ਸੰਕਟ, ਕਿਸਾਨਾਂ ਵਿੱਚ ਆਤਮਹੱਤਿਆਵਾਂ ਦੇ ਵੱਧ ਰਹੇ ਵਰਤਾਰੇ, ਵਿਗੜ ਰਹੇ ਵਾਤਾਵਰਣ ਅਤੇ ਸੂਬੇ ਦੀ ਪੁਲਿਸ ਦੇ ਹੋ ਚੁੱਕੇ ਰਾਜਨੀਤੀਕਰਣ ਨੂੰ ਠੱਲ ਪਾਉਣ ਲਈ ਆਪਣੇ ਸੁਝਾਅ ਪੇਸ਼ ਕੀਤੇ ਗਏ। ਸੂਬੇ 'ਚ ਨਸ਼ਿਆਂ ਦੇ ਵੱਗ ਰਹੇ ਛੇਵੇਂ ਦਰਿਆ ਦੇ ਸਥਾਈ ਹੱਲ ਲਈ ਡਾ. ਗਾਂਧੀ ਦੇ ਸਹਿਯੋਗੀ ਅਤੇ ਓਹਨਾਂ ਨਾਲ ਕੈਨੇਡਾ ਫੇਰੀ ਤੇ ਆਏ ਡਾ. ਜਗਜੀਤ ਚੀਮਾ (ਸਾਬਕਾ ਸੰਯੁਕਤ ਡਾਇਰੈਕਟਰ, ਸਿਹਤ ਸੇਵਾਵਾਂ ਪੰਜਾਬ) ਨੇ ਆਪਣੇ ਵਿਚਾਰ ਪੇਸ਼ ਕੀਤੇ।



2017 ਪੰਜਾਬ ਵਿਧਾਨ ਸਭਾ ਵਾਰੇ ਡਾ. ਗਾਂਧੀ ਨੇ ਆਖਿਆ ਕਿ ਪੰਜਾਬ 2017 'ਚ ਵੱਡੀ ਤਬਦੀਲੀ ਲਈ ਤਿਆਰ-ਬਰ-ਤਿਆਰ ਹੈ। 2017 ਚੋਣ ਨੂੰ ਆਪ ਪਾਰਟੀ ਨਾਲ ਜੋੜ ਕੇ ਓਹਨਾਂ ਕਿਹਾ ਕਿ ਜਿੱਥੇ ਇਹ ਚੋਣ ਪਾਰਟੀ ਲਈ ਇੱਕ ਬਹੁਤ ਵੱਡਾ ਮੌਕਾ ਹੋਵੇਗਾ, ਉਥੇ ਪਾਰਟੀ ਨੂੰ ਮੌਕਾਪ੍ਰਸਤਾਂ ਤੋਂ ਵੀ ਸੁਚੇਤ ਰਹਿਣ ਦੀ ਲੋੜ ਹੋਵੇਗੀ।

ਪ੍ਰੋਗ੍ਰਾਮ 'ਚ ਸ਼ਾਮਿਲ ਹੋਏ ਬਹੁਤ ਸਾਰੇ ਪ੍ਰਵਾਸੀਆਂ ਦਾ ਆਪ ਪਾਰਟੀ ਨਾਲ ਡਾ. ਗਾਂਧੀ ਦੇ ਵਿਗੜ ਚੁੱਕੇ ਰਿਸ਼ਤੇ ਵਾਰੇ ਵੀ ਸ਼ੰਕੇ ਸਨ। ਓਹਨਾਂ ਦੀ ਚਿੰਤਾ ਸੀ ਕਿ ਡਾ. ਗਾਂਧੀ ਦੀ ਪਾਰਟੀ ਤੋਂ ਦੂਰੀ ਕਿਸੇ ਨਾ ਕਿਸੇ ਢੰਗ ਨਾਲ 2017 ਵਿਧਾਨ ਸਭਾ ਚੋਣ ਵਿੱਚ ਅਕਾਲੀ ਜਾਂ ਕਾਂਗਰਸ ਪਾਰਟੀ ਦੀ ਸੱਤਾ ਪ੍ਰਾਪਤੀ 'ਚ ਮਦਦ ਕਰ ਸਕਦੀ ਹੈ। ਇਸ ਸਵਾਲ ਤੇ ਡਾ. ਗਾਂਧੀ ਨੇ ਭਰਵੇਂ ਇੱਕਠੇ ਨੂੰ ਇਸ ਗੱਲ ਦਾ ਯਕੀਨ ਦਵਾਇਆ ਕਿ ਇਹਨਾਂ ਰਵਾਇਤੀ ਪਾਰਟੀਆਂ ਖਿਲਾਫ਼ ਓਹ ਪਿਛਲੇ 40 ਸਾਲਾਂ ਤੋਂ ਲੜਦੇ ਆ ਰਹੇ ਹਨ ਤੇ 2017 ਚ 'ਉਤਰ ਕਾਟੋ ਮੈਂ ਚੜਾਂ' ਦੀ ਰਿਵਾਇਤ ਖਤਮ ਕਰਨ ਲਈ ਓਹ ਦਿਨ ਰਾਤ ਇੱਕ ਕਰ ਦੇਣਗੇ ਅਤੇ ਪਾਰਟੀ ਦੇ ਸਾਫ਼ ਸੁਥਰੇ ਅਕਸ ਵਾਲੇ ਮਿਹਨਤੀ ਅਤੇ ਇਮਾਨਦਾਰ ਉਮੀਦਵਾਰਾਂ ਦੀ ਸਫਲਤਾ ਲਈ ਆਪਣਾ ਪੂਰਾ ਯੋਗਦਾਨ ਦੇਣਗੇ।

# ਭੇਡ ਚਰਾਉਣ ਵਾਲੀ ਕੁੜੀ ਬਣੀ ਫਰਾਂਸ ਦੀ ਸਿੱਖਿਆ ਮੰਤਰੀ



**ਪੈਰਿਸ/ ਧੰਨਵਾਦ ਸਹਿਤ: ਪੰਜਾਬ ਗਾਰਡੀਅਨ**

ਅਸੀਂ ਅਜੇ ਉਸ ਸਮੇਂ ਵਿਚ ਜੀਅ ਰਹੇ ਹਾਂ ਜਦ ਪੂਰੀ ਦੁਨੀਆ ਵਿਚ ਬਹਿਸ ਛਿੜੀ ਹੋਈ ਹੈ ਕਿ ਪਰਵਾਸੀ ਕਿਸੇ ਦੇਸ਼ ਦੇ ਲਈ ਚੰਗੇ ਹਨ ਜਾਂ ਬੁਰੇ। ਅਮਰੀਕੀ ਰਾਸ਼ਟਰਪਤੀ ਚੋਣ ਵਿਚ ਰਿਪਬਲਿਕਨ ਪਾਰਟੀ ਦੀ ਉਮੀਦਵਾਰੀ ਹਾਸਲ ਕਰਨ ਦੇ ਕਰੀਬ ਪਹੁੰਚੇ ਡੌਨਾਲਡ ਟਰੰਪ ਦੇ ਬਿਆਨਾਂ ਦੇ ਕਾਰਨ ਇਸ ਬਹਿਸ ਨੂੰ ਹੋਰ ਜ਼ਮੀਨ ਮਿਲੀ ਹੈ। ਟਰੰਪ ਚਾਹੁੰਦੇ ਹਨ ਕਿ ਮੈਕਸਿਕਨ ਪਰਵਾਸੀਆਂ ਨੂੰ ਅਮਰੀਕਾ ਤੋਂ ਬਾਹਰ ਕਰਨ ਦੇ ਲਈ ਸਰਹੱਦ 'ਤੇ ਕੰਧ ਖੜੀ ਕੀਤੀ ਜਾਵੇ। ਇਸ ਦੇ ਨਾਲ ਹੀ ਹੰਗਰੀ ਅਤੇ ਸਲੋਵਾਕੀਆ ਜਿਹੇ ਦੇਸ਼ ਸੀਰੀਆਈ ਰਫਿਊਜੀਆਂ ਨੂੰ ਸ਼ਰਣ ਦੇਣ ਦੇ ਲਈ ਤਿਆਰ ਨਹੀਂ ਹਨ। ਅਜਿਹੀ ਭਿਆਨਕ ਸਥਿਤੀ ਵਿਚ ਫਰਾਂਸ ਦੀ ਐਜੂਕੇਸ਼ਨ ਐਂਡ ਰਿਸਰਚ ਮੰਤਰੀ ਨਜਤ ਬੇਲਕਾਸੇਮ ਸਾਰਿਆਂ ਦੇ ਲਈ ਪ੍ਰੇਰਣਾ ਹੈ।

ਬੇਸ਼ਕ ਤੁਹਾਡਾ ਬਚਪਨ ਗ਼ਰੀਬੀ ਵਿਚ ਲੰਘਿਆ ਲੇਕਿਨ ਈਮਾਨਦਾਰੀ ਅਤੇ ਜਜ਼ਬਾ ਰਹੇ ਤਾਂ ਕੁਝ ਵੀ ਮੁਸ਼ਕਲ ਨਹੀਂ ਹੈ। ਨਜਤ ਦੇ ਪਿਤਾ ਫਰਾਂਸ ਵਿਚ ਕੰਟਰਕਸ਼ਨ ਵਰਕਰ ਦਾ ਕੰਮ ਕਰਦੇ ਸੀ। ਉਨ੍ਹਾਂ ਨੇ ਅਪਣੀ ਫੈਮਿਲੀ ਅਤੇ ਬੇਟੀ ਨਜਤ ਨੂੰ ਫਰਾਂਸ ਬੁਲਾ ਲਿਆ ਸੀ। ਨਜਤ ਦਾ ਜਨਮ 1977 ਵਿਚ ਮੋਰੱਕੋ ਵਿਚ ਹਾਸੀਏ ਦੇ ਇਕ ਪਿੰਡ ਨਾਦੋਰ ਵਿਚ ਹੋਇਆ ਸੀ। ਪਿਤਾ ਦੇ ਬੁਲਾਉਣ 'ਤੇ ਨਜਤ 1982 ਵਿਚ ਫਰਾਂਸ ਦੀ ਸਿਟੀ ਅਨਿਆ ਪਹੁੰਚ ਗਈ। ਨਜਤ ਨੇ ਪੜ੍ਹਾਈ ਵਿਚ ਕਾਫੀ ਮਿਹਨਤ ਕੀਤੀ। ਇਨਾਂ ਨੇ 2002 ਵਿਚ ਪੈਰਿਸ ਇਸਟੀਚਿਊਟ ਆਫ਼ ਪੌਲੀਟਿਕਲ ਸਟਡੀਜ਼ ਤੋਂ ਗਰੈਜੂਏਸ਼ਨ ਕੀਤੀ। ਗਰੈਜੂਏਸ਼ਨ ਦੇ ਤੁਰੰਤ ਬਾਅਦ ਨਜਤ ਨੇ ਸੋਸ਼ਲਿਸਟ ਪਾਰਟੀ ਜਵਾਇਨ ਕਰ ਲਈ। ਇਸ ਤੋਂ ਬਾਅਦ ਉਨਾਂ ਨੇ ਨਾਗਰਿਕ ਅਧਿਕਾਰਾਂ ਦੇ ਲਈ ਜੰਗ ਛੇੜ ਦਿੱਤੀ। ਉਨ੍ਹਾਂ ਨੇ ਨਾਗਰਿਕਾਂ ਨੂੰ ਸਸਤੇ ਘਰ ਦਿਵਾਉਣ ਦੇ ਲਈ ਅੰਦੋਲਨ ਕੀਤਾ। ਇਸ ਦੇ ਨਾਲ ਹੀ ਨਜਤ ਨੇ ਭੇਦਭਾਵ ਦੇ ਖ਼ਿਲਾਫ਼ ਵੀ ਅੰਦੋਲਨ ਕੀਤਾ।

ਨਜਤ 2008 ਵਿਚ ਰੋਨ ਅਲਪਾਈਨ ਤੋਂ ਕੌਂਸਲ ਮੈਂਬਰ ਚੁਣੀ ਗਈ। ਉਸ ਦੇ ਬਾਅਦ ਤੋਂ ਉਹ ਲਗਾਤਾਰ ਚੋਣ ਜਿੱਤਦੀ ਆ ਰਹੀ ਹੈ। ਚੋਣ ਜਿੱਤਣ ਦੇ ਬਾਅਦ ਤੋਂ ਨਜਤ ਦੀ ਰਾਜਨੀਤੀ ਨੂੰ ਤੇਜ਼ ਗਤੀ ਮਿਲੀ। 2012 ਵਿਚ ਨਜਤ ਨੂੰ ਮਹਿਲਾ ਅਧਿਕਾਰ ਮੰਤਰੀ ਦੀ ਕਮਾਨ ਸੌਂਪੀ ਗਈ। ਫਰਾਂਸ ਦੇ ਰਾਸ਼ਟਰਪਤੀ ਫਰਾਂਸਵਾ ਓਲਾਂਦ ਨੇ ਉਨ੍ਹਾਂ ਸਰਕਾਰ ਦੀ ਬੁਲਾਰਾ ਵੀ ਨਿਯੁਕਤ ਕੀਤਾ। ਅੰਤ 2014 ਵਿਚ ਨਜਤ ਨੂੰ ਸਿੱਖਿਆ ਮੰਤਰੀ ਬਣਾਇਆ ਗਿਆ।

# ਕੈਨੇਡਾ ਦੇ ਜੰਗਲਾਂ 'ਚ ਅੱਗ ਲੱਗਣ ਕਾਰਨ ਐਮਰਜੰਸੀ ਐਲਾਨੀ * ਸਿੱਖਾਂ ਨੇ ਸੰਭਾਲੀ ਰਾਹਤ ਕਾਰਜਾਂ ਦੀ ਕਮਾਨ

**ਅਲਬਰਟਾ/ ਭਜਨ ਸਿੰਘ ਬਾਹਬਾ**

ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਜੰਗਲਾਂ ਵਿੱਚ ਲੱਗੀ ਅੱਗ ਨੂੰ ਦੇਖਦੇ ਹੋਏ ਐਮਰਜੰਸੀ ਐਲਾਨ ਦਿੱਤੀ ਗਈ ਹੈ। ਜੰਗਲਾਂ ਵਿਚ ਅੱਗ ਲੱਗਣ ਤੋਂ ਬਾਅਦ ਫੋਰਟ ਮੈਕਮੁੱਰੇ ਦੇ ਵਰਕ ਕੈਂਪ ਨਾਰਥ ਤੋਂ ਹਵਾਈ ਜਹਾਜ਼ਾਂ ਰਾਹੀਂ 8,000 ਲੋਕਾਂ ਨੂੰ ਸੁਰੱਖਿਅਤ ਕੱਢ ਲਿਆ ਗਿਆ ਹੈ। ਜੰਗਲਾਂ ਵਿੱਚ ਅੱਗ ਲੱਗਣ ਨਾਲ ਫੋਰਟ ਮੈਕਮੁੱਰੇ ਸ਼ਹਿਰ ਦੇ 88 ਹਜ਼ਾਰ ਵਾਸ਼ਿੰਦਿਆਂ ਨੂੰ ਸ਼ਹਿਰ ਛੱਡ ਕੇ ਸੁਰੱਖਿਅਤ ਥਾਵਾਂ 'ਤੇ ਜਾਣਾ ਪਿਆ ਹੈ। ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਅੱਗ ਸ਼ਹਿਰ ਦੇ ਜ਼ਿਆਦਾਤਰ ਹਿੱਸੇ ਨੂੰ ਤਬਾਹ ਕਰ ਸਕਦੀ ਹੈ ਅਤੇ ਅਗਲੇ 24 ਘੰਟੇ ਬੇਹੱਦ ਸੰਵੇਦਨਸ਼ੀਲ ਹਨ। ਅੱਗ ਬੜੀ ਤੇਜ਼ੀ ਨਾਲ ਫੈਲੀ ਹੈ ਅਤੇ ਇਸ ਨੇ ਹੁਣ ਤੱਕ ਫੋਰਟ ਮੈਕਮੱਰੇ ਦੀਆਂ 1600 ਇਮਾਰਤਾਂ ਨੂੰ ਨੁਕਸਾਨ ਪਹੁੰਚਾਇਆ ਹੈ। ਅਲਬਰਟਾ ਦੇ ਇਤਿਹਾਸ ਵਿੱਚ ਇਨੇ ਵੱਡੇ ਪੱਧਰ 'ਤੇ ਸ਼ਹਿਰ ਖਾਲੀ ਹੋਣ ਦੀ ਇਹ ਪਹਿਲੀ ਘਟਨਾ ਹੈ। ਆਸ-ਪਾਸ ਦੀਆਂ ਤੇਲ ਕੰਪਨੀਆਂ ਤੇਲ ਦੀ ਪੈਦਾਵਾਰ ਵਿੱਚ ਕਟੌਤੀ ਕਰਨ ਨੂੰ ਮਜਬੂਰ ਹੋ ਗਈਆਂ ਹਨ। ਅਲਬਰਟਾਂ ਸਥਿਤ ਕਈ ਤੇਲ ਕੰਪਨੀਆਂ ਨੂੰ ਆਪਣੀਆਂ ਕੁਝ ਪਾਈਪਲਾਈਨਾਂ ਬੰਦ ਕਰਨੀਆਂ ਪਈਆਂ ਹਨ। ਹੁਣ ਤੱਕ ਅੱਗ ਨਾਲ ਕਿਸੇ ਜਾਨੀ ਨੁਕਸਾਨ ਦੀ ਖ਼ਬਰ ਨਹੀਂ ਹੈ। ਅਧਿਕਾਰੀਆਂ ਦੇ ਮੁਤਾਬਕ ਅੱਗ ਦਸ ਹਜ਼ਾਰ ਹੈਕਟੇਅਰ ਤੋਂ ਵੱਧ ਹਿੱਸੇ ਵਿੱਚ ਫੈਲੀ ਹੈ ਅਤੇ ਸੌ ਫਾਇਰਬ੍ਰਿਗੇਡ ਕਰਮੀ ਇਸ ਨੂੰ ਬੁਝਾਉਣ ਵਿੱਚ ਲੱਗੇ ਹਨ। ਫਾਇਰਬ੍ਰਿਗੇਡ ਵਿਭਾਗ ਕਰਮੀਆਂ ਮੁਤਾਬਕ ਤੇਜ਼ ਹਵਾਵਾਂ ਅਤੇ ਵਧਦੇ ਤਾਪਮਾਨ ਕਾਰਨ ਅੱਗ ਨੂੰ ਫੈਲਣ ਵਿੱਚ ਮਦਦ ਮਿਲ ਰਹੀ ਹੈ।



ਤਸਵੀਰਾ ਧੰਨਵਾਦ ਸਹਿਤ: ਪੰਜਾਬ ਗਾਰਡੀਅਨ-ਡੇਲੀ ਹਮਦਰਦ



ਕੈਨੇਡਾ ਦੇ ਅਲਬਰਟਾ ਵਿਚ ਰਹਿਣ ਵਾਲੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਰਾਹਤ ਕਾਰਜਾਂ ਦੀ ਮੁਹਿਮ ਦੀ ਕਮਾਨ ਸੰਭਾਲ ਲਈ ਹੈ। ਉਨ੍ਹਾਂ ਇਸ ਮੁਸੀਬਤ ਦੀ ਘੜੀ ਵਿੱਚ ਪ੍ਰਭਾਵਿਤ ਲੋਕਾਂ ਲਈ ਰਾਹਤ ਕਾਰਜ ਸ਼ੁਰੂ ਕਰ ਦਿੱਤੇ ਹਨ। ਐਡਮਿੰਟਨ ਦੇ ਗੁਰੂ ਨਾਨਕ ਸਿੱਖ ਸੁਸਾਇਟੀ ਗੁਰੂ ਘਰ ਪ੍ਰਭਾਵਿਤ ਲੋਕਾਂ ਲਈ ਆਪਣੇ ਦਰਵਾਜ਼ੇ ਖੋਲ ਦਿੱਤੇ ਹਨ। ਇਸ ਤੋਂ ਇਲਾਵਾ ਗੁਰੂ ਘਰ ਵਿੱਚ ਲੋਕਾਂ ਦੇ ਰਹਿਣ ਦਾ ਪ੍ਰਬੰਧ ਵੀ ਵੱਖਰੇ ਤੌਰ ਉਤੇ ਕੀਤਾ ਗਿਆ ਹੈ। ਗੁਰੂ ਘਰ ਵੱਲੋਂ ਲੰਗਰ ਤੇ ਹੋਰ ਜ਼ਰੂਰੀ ਵਸਤਾਂ ਪ੍ਰਭਾਵਿਤ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਨੇ ਨਿੱਜੀ ਤੌਰ ਉਤੇ ਵੀ ਲੋਕਾਂ ਨੂੰ ਰਾਹਤ ਸੱਮਗਰੀ ਦੇਣੀ ਸ਼ੁਰੂ ਕਰ ਦਿੱਤੀ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਲੋੜ ਪੈਣ 'ਤੇ ਫ਼ੌਜੀ ਜਹਾਜ਼ਾਂ ਨੂੰ ਵੀ ਮਦਦ ਲਈ ਭੇਜਿਆ ਜਾਵੇਗਾ।

# ਸ. ਸਰਨਾ ਨੇ ਢੱਡਰੀਆਂ ਵਾਲਿਆਂ ਨਾਲ ਮੁਲਾਕਾਤ ਕਰਕੇ ਉਹਨਾਂ ਉਪਰ ਹੋਏ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ

**ਨਵੀ ਦਿੱਲੀ / ਬਿਓਰੋ**

ਸ. ਪਰਮਜੀਤ ਸਿੰਘ ਸਰਨਾ, ਸਾਬਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦਿੱਲੀ ਨੇ ਬਾਬਾ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਨਾਲ ਪਟਿਆਲਾ ਵਿਖੇ ਮੁਲਾਕਾਤ ਕਰ ਕੇ ਉਹਨਾਂ ਉਪਰ ਹੋਏ ਜਾਨਲੇਵਾ ਹਮਲੇ ਦੀ ਸਖਤ ਸ਼ਬਦਾਂ 'ਚ ਨਿੰਦਾ ਕੀਤੀ।

ਉਹਨਾਂ ਬਾਬਾ ਢੱਡਰੀਆਂ ਵਾਲਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਪੂਰਾ ਸਿੱਖ ਪੰਥ ਇਸ ਵੇਲੇ ਉਹਨਾਂ ਨਾਲ ਹੈ। ਦੁਨੀਆਂ ਵਿਚ ਜਿਥੇ ਕਿਤੇ ਵੀ ਸਿੱਖ ਰਹਿੰਦਾ ਹੈ, ਇਸ ਘਟਨਾ ਨਾਲ ਉਸਦਾ ਹਿਰਦਾ ਦੁੱਖੀ ਹੋਇਆ ਹੈ।

ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਸ.ਪਰਕਾਸ਼ ਸਿੰਘ ਬਾਦਲ, ਡਿਪਟੀ ਮੁੱਖ ਮੰਤਰੀ, ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਬਾਬਾ ਢੱਡਰੀਆਂ ਵਾਲਿਆਂ ਤੇ ਹਮਲਾ ਕਰਨ ਵਾਲੇ ਹਮਲਾਵਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰ ਕੇ ਲੋਕਾਂ ਸਾਹਮਣੇ ਲਿਆਉਣ।

ਉਹਨਾਂ ਬਾਬਾ ਰਣਜੀਤ ਸਿੰਘ ਢੱਡਰੀਆਂ ਨਾਲ ਚਿੰਤਾ ਪ੍ਰਗਟ ਕੀਤੀ ਕਿ ਇਸ ਤਰੀਕੇ ਦਿਨ ਦਿਹਾੜੇ ਹਮਲੇ ਕਰ ਕੇ ਸਿੱਖ ਪੰਥ ਦੇ ਪ੍ਰਚਾਰਕਾਂ ਜੋ ਨਸ਼ਿਆਂ ਖਿਲਾਫ ਮੁਹਿਮ ਚਲਾ ਕੇ, ਨੌਜਵਾਨਾਂ ਨੂੰ ਗੁਰਬਾਣੀ ਨਾਲ ਜੋੜ ਰਹੇ ਹਨ, ਉਹਨਾਂ ਉਪਰ ਹਮਲਾ ਕੀਤੇ ਜਾਣਾ ਅਮਨ ਕਾਨੂੰਨ ਦੀ ਖਰਾਬ ਸਥਿਤੀ ਨੂੰ ਦਰਸਾਉਂਦਾ ਹੈ।

ਇਸ ਮੌਕੇ ਤੇ ਇਤਿਹਾਸਕਾਰ ਡਾ. ਗੁਰਦਰਸ਼ਨ ਸਿੰਘ ਢਿੱਲੋਂ ਅਤੇ ਪਾਰਟੀ ਦੇ ਸੀਨੀਅਰ ਆਗੂ ਸ.ਤਰਸੇਮ ਸਿੰਘ, ਸ.ਰਮਨਦੀਪ ਸਿੰਘ ਸੋਨੂੰ, ਜਸਵਿੰਦਰ ਸਿੰਘ ਬਲੀਏਵਾਲ ਵੀ ਵਫਦ ਵਿਚ ਸਨ।

